# ਆਪਣੇ ਮਾਂ ਜਾਂ ਬਾਪ ਨੂੰ ਕਨੇਡਾ ਵਿੱਚ ਮੰਗਵਾਉਣਾ

ਇਕ ਵਾਰੀ ਜਦੋਂ ਜਵਾਨ ਬੱਚੇ ਕਨੇਡਾ ਵਿੱਚ ਸਥਾਪਤ ਹੋ ਜਾਂਦੇ ਹਨ, ਤਾਂ ਉਹ ਅਕਸਰ ਆਪਣੇ ਇਕ ਜਾਂ ਦੋਵੇਂ ਮਾਪਿਆਂ ਨੂੰ ਕਨੇਡਾ ਵਿੱਚ ਸਪੌਂਸਰ ਕਰਨਾ ਚਾਹੁੰਦੇ ਹਨ। ਇਸ ਦੇ ਕਈ ਕਾਰਣ ਹੁੰਦੇ ਹਨ: ਪਰਵਾਰ ਨਾਲ ਪੁਨਰ-ਮਿਲਣ, ਕਿਉਂਕਿ ਮਾਂ ਬਾਪ ਇਕਲੇ ਹਨ, ਜਾਂ ਬੱਚੇ ਦੀ ਦੇਖ-ਭਾਲ ਲਈ ਸਹਾਇਤਾ ਚਾਹੀਦੀ ਹੈ। ਕਾਰਣ ਕੁਝ ਵੀ ਹੋਵੇ, ਕੁਝ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ।

- **ਸਪੌਂਸਰਸ਼ਿਪ ਲਈ ਐਪਲਾਈ ਕਰਨਾ:** ਆਪਣੇ ਮਾਂ ਜਾਂ ਬਾਪ ਨੂੰ ਕਨੇਡਾ ਮੰਗਵਾਉਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਫੈਮਿਲੀ ਕਲਾਸ ਦੇ ਤਹਿਤ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕਨੇਡਾ ਨੂੰ ਐਪਲਾਈ ਕਰੋ। ਇਸਦਾ ਮਤਲਬ ਹੈ ਕਿ ਜੇ ਤੁਹਾਡੇ ਮਾਂ ਜਾਂ ਬਾਪ ਵਿੱਚੋਂ ਕੋਈ ਕਨੇਡਾ ਵਿੱਚ ਪਰਮਾਨੈਂਟ ਰੈਜ਼ੀਡੈਂਟ ਬਣ ਕੇ ਆਉਂਦਾ ਹੈ, ਤਾਂ ਤੁਸੀਂ ਸਪੌਂਸਰਸ਼ਿਪ ਦਾ ਸਮਾਂ ਪੂਰਾ ਹੋਣ ਤਕ ਉਸਦੀ ਮਾਲੀ ਸਹਾਇਤਾ ਕਰਨ ਲਈ ਜ਼ੁਮੇਵਾਰ ਹੋ। **ਬਜ਼ੁਰਗ ਆਵਾਸੀਆਂ ਲਈ ਸਪੌਂਸਰਸ਼ਿਪ ਦਾ ਸਮਾਂ ਆਮ ਕਰਕੇ 10 ਸਾਲਾਂ ਦਾ ਹੁੰਦਾ ਹੈ।** ਇਮੀਗਰੇਸ਼ਨ ਦੀ ਜਾਣਕਾਰੀ ਲਈ www.cic.gc.ca ਚੈਕ ਕਰੋ।

- **ਕੰਮ ਕਰਨਾ:** ਸ਼ਾਇਦ ਤੁਹਾਡੇ ਮਾਪੇ ਕਨੇਡਾ ਵਿੱਚ ਕੰਮ ਕਰਨਾ ਚਾਹੁੰਦੇ ਹੋਣ। ਜੇ ਤੁਹਾਡੇ ਮਾਂ ਜਾਂ ਬਾਪ ਪਰਮਾਨੈਂਟ ਰੇਜ਼ੀਡੈਂਟ ਹਨ ਤਾਂ ਉਹ ਸੋਸ਼ਲ ਇਨਸ਼ਿਔਰੈਂਸ ਨੰਬਰ ਦੇ ਮਿਲਦੇ ਸਾਰ ਹੀ ਕੰਮ ਕਰ ਸਕਦੇ ਹਨ। ਐਲਬਰਟਾ ਵਿੱਚ ਵੀ ਬਹੁਤ ਸਾਰੇ ਕੰਮ ਹਨ! ਧਿਆਨ ਰਖੋ ਕਿ ਆਮ ਤੌਰ ਤੇ ਵਡੀ ਉਮਰ ਦੇ ਕਾਮਿਆਂ ਨੂੰ ਕੰਮ ਮਿਲਣਾ ਔਖਾ ਹੁੰਦਾ ਹੈ, ਖਾਸਤੌਰ ਤੇ ਉਹ ਕੰਮ ਜੋ ਉਹਨਾਂ ਦੀ ਸਰੀਰਕ ਹਾਲਤ ਦੇ ਅਨੁਕੂਲ ਹੋਵੇ। ਸੋਸ਼ਲ ਇਨਸ਼ਿਔਰੈਂਸ ਨੰਬਰ ਦੀ ਜਾਣਕਾਰੇ ਲੈਣ ਲਈ ਵੈਬਸਾਈਟ www.servicecanada.gc.ca/en/sc/sin/index.shtml ਤੇ ਚੈਕ ਕਰੋ।

- **ਹੈਲਥ ਕੇਅਰ ਦਾ ਹੱਕ:** ਐਲਬਰਟਾ ਵਿੱਚ ਪਕੇ ਤੌਰ ਤੇ ਆਉਂਦੇ ਸਾਰ ਹੀ ਤੁਹਾਡੇ ਮਾਂ-ਬਾਪ ਐਲਬਰਟਾ ਹੈਲਥ ਕੇਅਰ ਇਨਸ਼ਿਔਰੈਂਸ ਲਈ ਐਪਲਾਈ ਕਰਨ ਦੇ ਹੱਕਦਾਰ ਹੋ ਜਾਂਦੇ ਹਨ। ਇਸਦਾ ਮਤਲਬ ਹੈ ਕਿ ਉਹ ਐਲਬਰਟਾ ਵਿੱਚ ਦੂਸਰੇ ਦੇਸ਼ ਤੋਂ ਆਉਂਦੇ ਸਾਰ ਹੀ ਬੇਸਿਕ ਮੈਡੀਕਲ ਕੇਅਰ ਦੇ ਯੋਗ ਹੋ ਜਾਂਦੇ ਹਨ। (ਜੇ ਉਹ ਕਨੇਡਾ ਦੇ ਕਿਸੇ ਹੋਰ ਸੂਬੇ ਤੋਂ ਐਲਬਰਟਾ ਵਿੱਚ ਆਉਂਦੇ ਹਨ, ਤਾਂ ਉਹ ਤਿਨ ਮਹੀਨੇ ਤੱਕ ਐਲਬਰਟਾ ਹੈਲਥ ਕੇਅਰ ਦੇ ਹੱਕਦਾਰ ਨਹੀਂ ਹੁੰਦੇ)। 65 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਵਿਅਕਤੀ ਹੈਲਥ ਕੇਅਰ ਦੀ ਕਿਸ਼ਤ ਨਹੀਂ ਦਿੰਦੇ। ਇਕ ਵਾਰੀ ਐਲਬਰਟਾ ਹੈਲਥ ਕੇਅਰ ਇਨਸ਼ਿਔਰੈਸ ਨਾਲ ਰਜਿਸਟਰ ਹੋਣ ਤੋਂ ਪਿਛੋਂ, ਹਰੇਕ ਬਜ਼ੁਰਗ (65 ਸਾਲਾਂ ਤੋਂ ਉਪਰ) ਨੂੰ ਬਲੂ-ਕਰੌਸ ਕਾਰਡ ਮਿਲ ਜਾਂਦਾ ਹੈ, ਜਿਸ ਨਾਲ ਡਾੱਕਟਰ ਦੀ ਲਿਖੀ ਦਵਾਈ ਦੀ 70% ਕੀਮਤ ਅਤੇ ਐਬੂਲੈਂਸ ਦੀ ਫ਼ੀਸ ਮਾਫ਼ ਹੋ ਜਾਂਦੀ ਹੈ। ਬਲੂ-ਕਰੌਸ ਕਾਰਡ ਡਾਕ ਰਾਹੀਂ ਆਉਂਦਾ ਹੈ, ਅਤੇ ਇਸ ਨੂੰ ਆਉਣ ਵਿੱਚ 6 ਤੋਂ 8 ਹਫ਼ਤੇ ਲਗ ਸਕਦੇ ਹਨ। ਹੋਰ ਜਾਣਕਾਰੀ ਲਈ http://www.health.alberta.ca/ahcip/AHCIP_contact.html ਤੇ ਚੈਕ ਕਰੋ।

- **ਹੈਲਥ ਕੇਅਰ ਦੇ ਹੋਰ ਲਾਭ:** ਅਲੱਗ-ਅਲੱਗ ਪਰੋਗਰਾਮਾਂ ਵਿੱਚ ਬਜ਼ੁਰਗਾਂ ਨੂੰ ਹੋਰ ਹੈਲਥ ਕੇਅਰ ਲਾਭ ਮਿਲ ਸਕਦੇ ਹਨ। ਇਸ ਵਿੱਚ ਪੂਰਾ ਜਾਂ ਕੁੱਝ ਹਿੱਸਾ ਦੰਦਾ ਦਾ ਕੰਮ, ਐਨਕਾਂ, ਕੰਨਾਂ ਦੀ ਮਸ਼ੀਨ, ਸਿਹਤ ਬਾਰੇ ਸਹੂਲਤਾਂ ਜਿਵੇਂ ਕਿ ਵ੍ਹੀਲ ਚੇਅਰ ਤੇ ਵਾੱਕਰ ਅਤੇ ਸ਼ੂਗਰ ਦੀ ਬੀਮਾਰੀ ਦੀਆਂ ਦਵਾਈਆਂ ਆਦਿ ਦਿਤਾ ਜਾਂਦਾ ਹੈ। ਇਹ ਜਾਣਨ ਲਈ ਕੀ ਉਹਾਡੇ ਮਾਪੇ ਇਹਨਾਂ ਚੋਂ ਕਿਸੇ ਵੀ ਪ੍ਰੋਗਰਾਮ ਦੇ ਹੱਕਦਾਰ ਹਨ, ਤੁਸੀਂ ਸੀਨੀਅਰ ਇਨਫਰਮੇਸ਼ਨ ਟੋਲ ਫਰੀ ਲਾਈਨ 1-800-642-3853 ਤੇ ਫ਼ੋਨ ਕਰੋ ।

- **ਔਲਡ ਏਜ਼ ਸਕਿਉਰਿਟੀ ਪੈਨਸ਼ਨ ਅਲਿਜ਼ੀਬਿਲਿਟੀ:** ਔਲਡ ਏਜ਼ ਸਿਕੁਅਰਿਟੀ ਪੈਨਸ਼ਨ ਸਰਵਿਸ ਕਨੇਡਾ ਰਾਹੀਂ ਹਯੂਮਨ ਰਿਸੋਰਸਿਸ ਅਤੇ ਸੋਸ਼ਲ ਡਵੈਲਪਮੈਂਟ ਕਨੇਡਾ (HRSDC) ਵਲੋਂ ਦਿਤੀ ਜਾਂਦੀ ਹੈ। ਇਹ ਜ਼ਿਆਦਾਤਰ ਉਹਨਾਂ ਕਨੇਡਿਅਨਜ਼ ਨੂੰ ਦਿਤੀ ਜਾਂਦੀ ਹੈ ਜੋ 65 ਸਾਲਾਂ ਤੋਂ ਉੱਪਰ ਉਮਰ ਦੇ ਹੋਣ ਅਤੇ

ਕਨੇਡਾ ਵਿੱਚ ਘੱਟ ਤੋਂ ਘੱਟ 10 ਸਾਲਾਂ ਤੋਂ ਰਹਿ ਰਹੇ ਹੋਣ। ਇਹ ਆਮਤੌਰ ਤੇ ਸਪੌਂਸਰਸ਼ਿਪ ਦੇ ਸਮੇਂ ਤੇ ਅਧਾਰਿਤ ਹੁੰਦਾ ਹੈ।

- **ਇੰਟਰਨੈਸ਼ਨਲ ਬੈੱਨਿਫ਼ਿਟ:** ਕਨੇਡਾ ਦੇ ਕਈ ਹੋਰ ਦੇਸ਼ਾ ਨਾਲ ਪੈਨਸ਼ਨ ਸਬੰਧੀ ਸਮਝੌਤੇ ਹਨ। ਜੇ ਤੁਹਾਡੇ ਮਾਪੇ ਕਿਸੇ ਇਸ ਦੇਸ਼ ਚੋਂ ਅਉਂਦੇ ਹਨ ਤਾਂ ਉਹ 10 ਸਾਲਾਂ ਤੱਕ ਕਨੇਡਾ ਵਿੱਚ ਰਹਿਣ ਦੀ ਸ਼ਰਤ ਤੋਂ ਪਹਿਲਾਂ ਹੀ ਪੈਨਸ਼ਨ ਦੇ ਹੱਕਦਾਰ ਹੋ ਸਕਦੇ ਹਨ। ਕਨੇਡਾ ਨਾਲ ਇੰਟਰਨੈਸ਼ਨਲ ਪੈਨਸ਼ਨ ਦਾ ਸਮਝੌਤਾ ਰਖਣ ਵਾਲੇ ਦੇਸ਼ਾਂ ਦੀ ਲਿਸਟ ਲਈ ਇਸ ਵੈਬਸਾਈਟ ਤੇ ਜਾਓ http://www.hrsdc.gc.ca/en/isp/ibfa/intlben.shtml

- **ਐਲਬਰਟਾ ਸੀਨੀਅਰਸ ਬੈਨਿਫ਼ਿਟ:** ਇਹ ਪ੍ਰੋਗਰਾਮ ਘੱਟ ਆਮਦਨੀ ਵਾਲੇ ਬਜ਼ੁਰਗਾਂ ਨੂੰ ਆਰਥਕ ਲਾਭ ਦਿੰਦਾ ਹੈ। ਨਵੇਂ ਆਵਾਸੀ ਜੋ ਪਕੇ ਵਸਨੀਕ ਹਨ, ਇਸ ਲਾਭ ਦੇ ਹੱਕਦਾਰ ਹੋ ਸਕਦੇ ਹਨ ਜੇਕਰ ਉਹ ਇਕੱਲੇ ਰਹਿੰਦੇ ਹਨ (ਮਕਾਨ-ਮਾਲਿਕ ਜਾਂ ਕਿਰਾਏਦਾਰ)। ਜੋ ਆਵਾਸੀ ਆਪਣੇ ਪਰਵਾਰ ਨਾਲ ਰਹਿੰਦੇ ਹਨ ਇਸ ਲਾਭ ਦੇ ਤਦ ਤੱਕ ਹਕਦਾਰ ਨਹੀਂ ਹੋ ਸਕਦੇ, ਜਦ ਤੱਕ ਉਹਨਾਂ ਨੂੰ ਔਲਡ ਏਜ਼ ਸਿਕਿਊਰੀਟੀ ਨਹੀਂ ਮਿਲਦੀ, ਜੋ ਆਮਤੌਰ ਤੇ ਕਨੇਡਾ ਵਿੱਚ 10 ਸਾਲ ਰਹਿਣ ਤੋਂ ਪਿਛੋਂ ਮਿਲਦੀ ਹੈ। 10 ਸਾਲਾਂ ਤੋਂ ਘੱਟ ਸਮੇਂ ਤੱਕ ਕਨੇਡਾ ਵਿੱਚ ਰਹਿਣ ਵਾਲੇ ਬਜ਼ੁਰਗਾਂ ਨੂੰ ਮਹੀਨੇ ਦੇ $10 ਤੋਂ $123 ਤੱਕ ਕੈਸ਼ ਬੈਨੀਫ਼ਿਟ ਮਿਲ ਸਕਦਾ ਹੈ। ਜੋੜੇ ਲਈ ਇਕਠੀ ਆਮਦਨ ਗਿਣੀ ਜਾਂਦੀ ਹੈ। ਜਾਣਕਾਰੀ ਅਤੇ ਐਪਲੀਕੇਸ਼ਨ ਫੌਰਮ ਲਈ www.seniors.ab.ca ਤੇ ਚੈਕ ਕਰੋ।

- **ਇਨਕਮ ਟੈਕਸ:** ਤੁਹਾਡੇ ਮਾਪਿਆਂ ਲਈ ਆਮਦਨੀ ਨਾਂ ਹੋਣ ਤੇ ਵੀ ਹਰ ਸਾਲ ਮਾਰਚ ਜਾਂ ਅਪਰੈਲ ਦੇ ਮਹੀਨੇ ਵਿੱਚ ਟੈਕਸ ਰਿਟਰਨ ਭਰਨਾ ਜ਼ਰੂਰੀ ਹੈ। ਕਨੇਡਾ ਦੀ ਸਰਕਾਰ ਬਜ਼ੁਰਗਾਂ ਲਈ ਸੀਨੀਅਰਸ ਲਾਭ ਹਰ ਸਾਲ ਟੈਕਸ ਰਿਟਰਨ ਤੋਂ ਜਾਣਕਾਰੀ ਲੈਕੇ ਆਪਣੇ ਆਪ ਬਹਾਲ ਕਰ ਦਿੰਦੀ ਹੈ। ਜੇ ਸੀਨੀਅਰਸ ਅਪਰੈਲ ਦੇ ਅਖ਼ੀਰ ਤੱਕ ਟੈਕਸ ਰਿਟਰਨ ਨਹੀਂ ਭਰਦੇ ਤਾਂ ਉਹਨਾਂ ਦੇ ਲਾਭ ਬੰਦ ਕੀਤਾ ਜਾ ਸਕਦਾ ਹੈ। ਨਾਲੇ ਆਮਦਨ ਦੇ ਅਨੁਸਾਰ ਟੈਕਸ ਰਿਟਰਨ ਭਰਨ ਨਾਲ ਉਹ ਜੀ.ਐਸ.ਟੀ (Goods and Services Tax) ਛੋਟ ਦੇ ਹੱਕਦਾਰ ਵੀ ਹੋ ਸਕਦੇ ਹਨ।

- **ਰਿਹਾਇਸ਼:** ਕੈਲਗਰੀ ਵਿੱਚੋਂ ਬਜੁਰਗਾਂ (ਸੀਨੀਅਰਸ) ਲਈ ਬਹੁਤ ਸਾਰੀਆਂ ਰਿਹਾਇਸ਼ੀ ਸਹੂਲਤਾਂ ਉਪਲਭਧ ਹਨ। ਘੱਟ-ਕੀਮਤ ਵਾਲੀਆਂ ਜਾਂ ਰਿਆਇਤੀ ਰਿਹਾਇਸ਼ਾਂ ਤਕਰੀਬਨ ਹਰ ਵੇਲੇ ਇਹ ਚਾਹੁੰਦੀਆਂ ਹਨ ਕਿ ਐਪਲਾਈ ਕਰਨ ਤੋਂ ਪਹਿਲਾਂ ਸੀਨੀਅਰ ਕੈਲਗਰੀ ਜਾਂ ਕਨੇਡਾ ਵਿੱਚ ਕੁੱਝ ਸਮੇਂ ਤੋਂ ਰਹਿ ਰਿਹਾ ਹੋਵੇ। ਇਹ ਸਮਾਂ ਇਕ ਤੋਂ ਦਸ ਸਾਲਾਂ ਦੇ ਵਿੱਚ ਹੁੰਦਾ ਹੈ। ਜੇ ਤੁਹਾਡੇ ਮਾਪੇ ਤੁਹਾਡੇ ਨਾਲ ਨਹੀਂ ਰਹਿੰਦੇ, ਤਾਂ ਕਿਸੇ ਯੋਗ ਰਿਹਾਇਸ਼ ਜੋ ਉਹਨਾਂ ਨੂੰ (ਜਾਂ ਤੁਹਾਨੂੰ) ਪੁਗਦੀ ਹੋਵੇ, ਦਾ ਇੰਤਜ਼ਾਮ ਕਰੋ। ਰਿਹਾਇਸ਼ਾਂ ਬਾਰੇ ਜਾਣਕਾਰੀ ਲਈ (403) 705-3230 ਤੇ ਫ਼ੋਨ ਕਰੋ।

- **ਸਮਝੌਤਾ ਕਰਨਾ:** ਸਭਿੱਆਚਾਰ ਦਾ ਸਦਮਾ ਗਹਿਰਾ ਹੁੰਦਾ ਹੈ! ਯਾਦ ਕਰੋ ਕਿ ਜਦ ਤੁੰਸੀਂ ਪਹਿਲੀ ਵਾਰ ਇਥੇ ਆਏ ਸੀ, ਤਾਂ ਕਿਸ ਤਰਾਂ ਮਹਿਸੂਸ ਕਰਦੇ ਸੀ? ਜਾਣੀ-ਪਹਿਚਾਣੀ ਥਾਂ ਅਤੇ ਲੋਕਾਂ ਨੂੰ ਛੱਡ ਕੇ ਜਾਣਾ ਇਕ ਵੱਡੀ ਉਮਰ ਦੇ ਇਨਸਾਨ ਲਈ ਹੋਰ ਵੀ ਔਖਾ ਹੋ ਸਕਦਾ ਹੈ। ਇਹ ਇਕ ਖ਼ਾਸ ਸਚਾਈ ਹੈ, ਜੇਕਰ ਤੁਹਾਡੇ ਮਾਪੇ ਇੰਗਲਿਸ਼ ਨਹੀਂ ਬੋਲਦੇ। ਹੋ ਸਕਦਾ ਕਿ ਉਹ ਨਿਸ਼ਾਨੀਆਂ ਵੀ ਨਾਂ ਪੜ੍ਹ ਸਕਦੇ ਹੋਣ ਅਤੇ ਇਸ ਨਾਲ ਉਹਨਾਂ ਨੂੰ ਆਪਣੇ ਆਪ ਬਸ ਲੈਣੀ ਜਾਂ ਗਰੌਸਰੀ ਸਟੋਰ ਤੇ ਜਾਣਾ ਮੁਸ਼ਕਿਲ ਹੋਵੇਗਾ। ਸੌਖੀਆਂ ਗਲਾਂ ਵੀ ਔਖੀਆਂ ਹੋ ਸਕਦੀਆਂ ਹਨ। ਧਿਆਨ ਰਖੋ ਕਿ ਇਕ ਬਜ਼ੁਰਗ ਨੂੰ ਐਡਜਸਟ ਕਰਨ ਲਈ ਬਹੁਤ ਸਮਾਂ ਲੱਗ ਸਕਦਾ ਹੈ।

- **ਮੌਸਮ ਦਾ ਸਦਮਾ:** ਕੀ ਤੁਸੀਂ ਆਉਂਦੇ ਸਾਰ ਹੀ ਮੌਸਮ ਨੂੰ ਪਸੰਦ ਕੀਤਾ ਸੀ? ਇਹ ਹੋ ਸਕਦਾ ਹੈ, ਪਰ ਸਰਵੇਖ਼ਣ ਇਹ ਦਸਦਾ ਹੈ ਕਿ ਨਵੇਂ ਆਵਾਸੀ ਲਈ ਇਸ ਮੌਸਮ ਦੀ ਆਦਤ ਪਾਣਾ ਇਕ ਸਭ ਤੋਂ ਵੱਡੀ

ਮੁਸ਼ਕਿਲ ਵਾਲਾ ਕੰਮ ਹੈ।ਤੁਹਾਡੇ ਮਾਪੇ 0 ਤੋਂ 30 ਘੱਟ ਤਾਪਮਾਨ ਵਿੱਚ ਬਰਫ਼ ਤੇ ਹਨੇਰੇ ਠੰਡੇ ਦਿਨਾਂ ਵਿੱਚ ਤੁਰਨਾ ਕਿਸ ਤਰ੍ਹਾਂ ਨਿਬਾਅ ਸਕਣਗੇ।

- **ਹਾਲਾਤਾਂ ਦਾ ਬਦਲਣਾ:** ਜ਼ਿਆਦਾਤਰ ਮਾਪਿਆਂ ਦੇ ਸਪੌਂਸਰਸ਼ਿਪ ਬਹੁਤ ਹੀ ਸਫਲ ਹੁੰਦੇ ਹਨ, ਪਰ ਕਦੇ ਕਦੇ ਸਮੱਸਿਆਵਾਂ ਆਉਂਦੀਆਂ ਹਨ। ਸੰਭਾਵੀ ਸਮੱਸਿਆਵਾਂ ਬਾਰੇ ਜਾਣਨ ਨਾਲ ਤੁਹਾਨੂੰ ਕਿਸੇ ਅਨਹੋਣੀ ਲਈ ਤਿਆਰ ਰਹਿਣ ਲਈ ਸਹਾਇਤਾ ਮਿਲ ਸਕਦੀ ਹੈ। ਹੇਠਾਂ ਲਿਖੇ ਕੁੱਝ ਪ੍ਰਸ਼ਨ ਤੁਹਾਡੇ ਆਪਣੇ ਆਪ ਲਈ ਹਨ:

- ਤੁਸੀਂ ਬਿਮਾਰ ਹੋਕੇ ਆਪਣਾ ਕੰਮ ਗਵਾ ਬੈਠਦੇ ਹੋ। ਤੁਹਾਡੇ ਮਾਪਿਆਂ ਨੂੰ ਕੌਣ ਸੰਭਾਲੇਗਾ?

- ਤੁਹਾਡੇ ਮਾਪਿਆਂ ਚੋਂ ਇਕ ਬਿਮਾਰ ਹੋ ਜਾਂਦਾ ਹੈ ਅਤੇ ਉਸ ਕੋਲ ਲੰਬੇ ਸਮੇ ਲਈ ਕੇਅਰ ਕਰਨ ਵਾਲੀ ਰਹਿਣ ਲਈ ਥਾਂ ਨਹੀਂ ਹੈ। ਕੀ ਤੁਹਾਡੇ ਕੋਲ ਪੂਰਾ ਖ਼ਰਚਾ ਦੇਣ ਲਈ ਪੈਸੇ ਹਨ (ਇਕ ਦਿਨ ਦੇ $100 ਜਾਂ ਉਸਤੋਂ ਵੀ ਵੱਧ)?

- ਤੁਹਾਡੇ ਮਾਂ ਜਾਂ ਬਾਪ ਨੂੰ ਸਟਰੋਕ ਹੋ ਜਾਂਦਾ ਹੈ ਅਤੇ ਉਹ ਇਤਨੇ ਸਮੇ ਤੋਂ ਐਲਬਰਟਾ ਵਿੱਚ ਰਹਿ ਰਹੇ ਹਨ ਕਿ ਉਹਨਾਂ ਨੂੰ ਨਰਸਿੰਗ ਹੋਮ ਵਿੱਚ ਰਿਆਇਤੀ ਰੇਟ ਤੇ ਰਖਿਆ ਜਾ ਸਕਦਾ ਹੈ। ਸਮਸਿਆ ਇਹ ਹੈ ਕਿ ਨਰਸਿੰਗ ਹੋਮ ਵਿੱਚ ਕੋਈ ਵੀ ਤੁਹਾਡੀ ਬੋਲੀ ਨਹੀਂ ਬੋਲਦਾ ਤੇ ਤੁਹਾਡੇ ਮਾਪੇ ਉਹਨਾਂ ਦਾ ਕੋਈ ਵੀ ਭੋਜਨ ਪਸੰਦ ਨਹੀਂ ਕਰਦੇ। ਕੀ ਤੁਸੀਂ ਉਹਨਾਂ ਦੀ ਘਰ ਵਿੱਚ ਟਹਿਲ ਸੇਵਾ ਕਰ ਸਕੋਗੇ? (**ਨੋਟ:** ਕੈਲਗਰੀ ਵਿੱਚ ਕੇਵਲ ਇੱਕ ਨਰਸਿੰਗ ਹੋਮ ਚੀਨੀ ਬੋਲੀ ਵਿੱਚ ਕੰਮ ਕਰਦਾ ਹੈ, ਪਰ ਇਸਦੀ ਬਹੁਤ ਹੀ ਮੰਗ ਹੈ ।ਹੋਰ ਸਾਰੇ ਨਰਸਿੰਗ ਹੋਮ ਕੇਵਲ ਇੰਗਲਿਸ਼ ਵਿੱਚ ਹੀ ਸੇਵਾਵਾਂ ਪ੍ਰਦਾਨ ਕਰਦੇ ਹਨ।)

- ਲਗਦਾ ਤੁਹਾਡੇ ਮਾਪੇ ਸਥਾਪਤ ਨਹੀਂ ਹੋ ਸਕਦੇ। ਕਨੇਡਾ ਬਹੁਤ ਹੀ ਅਲੱਗ ਹੈ, ਉਹ ਆਪਣੇ ਦੋਸਤਾਂ ਤੋਂ ਵਾਂਝੇ ਰਹਿ ਜਾਂਦੇ ਹਨ ਅੱਤੇ ਉਦਾਸੀ ਵਿੱਚ ਘਿਰ ਜਾਂਦੇ ਹਨ। ਤੁਸੀਂ ਕੀ ਕਰੋਗੇ? ਕੀ ਤੁਸੀਂ ਉਹਨਾਂ ਨੂੰ ਦੁਬਾਰਾ ਆਪਣੇ ਦੇਸ਼ ਵਿੱਚ ਵਸਾ ਸਕੋਗੇ?

- ਤੁਸੀਂ ਸੋਚਦੇ ਹੋ ਕਿ ਸਾਰੇ ਜਣੇ ਇੱਕੋ ਘੱਰ ਵਿੱਚ ਰਹਿ ਕੇ ਖ਼ੁਸ਼ ਹੋਣਗੇ ਪਰ ਇਹ ਇਸ ਤਰ੍ਹਾਂ ਨਹੀਂ ਨਿਭ ਸਕਦਾ। ਕੀ ਤੁਸੀਂ ਆਪਣੇ ਮਾਪਿਆਂ ਲਈ ਦੂਸਰੀ ਰਿਹਾਇਸ਼ ਲੈ ਸਕੋਗੇ? ਉਸਦਾ ਖ਼ਰਚਾ ਕੌਣ ਕਰੇਗਾ?

- ਤੁਸੀਂ ਚਾਹੁੰਦੇ ਹੋ ਕਿ ਕੰਮ ਤੇ ਜਾਣ ਮਗਰੋਂ ਤੁਹਾਡੇ ਮਾਪੇ ਤੁਹਾਡੇ ਛੋਟੇ ਬੱਚਿਆਂ ਨੂੰ ਸੰਭਾਲਣ। ਤੁਹਾਡੇ ਮਾਪੇ ਸਹਿਮਤ ਹੋ ਜਾਂਦੇ ਹਨ, ਪਰ ਕੁਝ ਸਮੇ ਬਾਅਦ ਉਹ ਸਮਝਦੇ ਹਨ ਕਿ ਬਚਿਆਂ ਨੂੰ ਸੰਭਾਲਣਾ ਸੌਖਾ ਨਹੀਂ। ਜੇ ਉਹ ਇਹ ਕੰਮ ਕਰਨਾ ਛਡਣਾ ਚਾਹਣ, ਤਾਂ ਤੁਸੀਂ ਕੀ ਮਹਸੂਸ ਕਰੋਗੇ?